






# ਬਜਟ 2016 ਮਸ਼ਵਰਾ

ਨਿਮਾਣੀ ਆਰਥਿਕ ਵਿਕਾਸ ਦਰ, ਸਿਆਣੇ ਅਨੁਮਾਨਾਂ, ਅਤੇ ਮਜ਼ਬੂਤ ਖਰਚ ਪ੍ਰਬੰਧਨ ਤੇ ਨਿਰਮਿਤ ਬੀ.ਸੀ. ਸਰਕਾਰ ਦੀ ਸੰਤੁਲਿਤ ਬਜਟ ਪ੍ਰਤੀ ਵਚਨਬੱਧਤਾ ਨੇ ਜਾਰੀ ਵਿਸ਼ਵ-ਵਿਆਪੀ ਆਰਥਿਕ ਅਨਿਸ਼ਚਿਤਤਾ ਨੂੰ ਰੋਕਿਆ ਹੋਇਆ ਹੈ।

ਇੱਕ ਸੰਤੁਲਿਤ ਬਜਟ ਬੀ.ਸੀ. ਦੇ ਕਰਜ਼ੇ ਨੂੰ ਪੁੱਜਤਯੋਗ ਰੱਖਣ ਵਿੱਚ ਮਦਦ ਕਰਦਾ ਹੈ। ਬੀ. ਸੀ. ਦੀ ਤੀਹਰੀ-ਏ ਕਰੈਡਿਟ ਰੇਟਿੰਗ ਟੈਕਸ ਭਰਣ ਵਾਲਿਆਂ ਦੇ ਲਖਾਂ ਡਾਲਰਾਂ ਨੂੰ ਬਚਾ ਕੇ, ਸਰਕਾਰ ਦੇ ਸਮਰਥਨ ਪ੍ਰੋਗਰਾਮਾਂ ਲਈ ਪੂੰਜੀ ਬਚਾਉਂਦੀ ਹੈ।

ਅਸੀਂ ਇਹ ਜਾਣਨ ਲਈ ਤੁਹਾਡਾ ਨਿਵੇਸ਼ ਅਤੇ ਵਿਚਾਰ ਚਾਹੁੰਦੇ ਹਾਂ ਕਿ ਸਰਕਾਰ ਕਿਵੇਂ ਇਸ ਸੰਤੁਲਿਤ ਬਜਟ ਦੇ ਢਾਂਚੇ ਦੇ ਅੰਦਰ ਪ੍ਰੋਗਰਾਮ ਡਿਲੀਵਰੀ ਅਤੇ ਸੇਵਾਵਾਂ ਵਿੱਚ ਸੁਧਾਰ ਕਰ ਸਕਦੀ ਹੈ। ਇਹ ਮਸ਼ਵਰਾ ਸਰਕਾਰ ਨੂੰ 2016 ਦੇ ਬਜਟ ਬਾਰੇ ਤੁਹਾਡੀਆਂ ਪ੍ਰਾਥਮਿਕਤਾਵਾਂ ਬਾਰੇ ਦੱਸਣ ਦਾ ਤੁਹਾਡਾ ਮੌਕਾ ਹੈ।

# ਘੱਟ ਟੈਕਸ ਅਤੇ ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਲਈ ਨਵਾਂ ਟੈਕਸ ਕ੍ਰੈਡਿਟ

ਜਦ ਸਾਰੇ ਟੈਕਸਾਂ ਨੂੰ ਵਿਚਾਰਿਆ  ਜਾਂਦਾ ਹੈ, ਤਾਂ ਬ੍ਰਿਟਿਸ਼ ਕੋਲੰਬੀਆ ਦਾ ਆਮ ਤੌਰ 'ਤੇ ਕੈਨੇਡਾ ਭਰ ਵਿੱਚ ਘੱਟ ਸਮੁੱਚਾ ਟੈਕਸ ਬੋਝ ਹੈ, ਅਤੇ ਉਹਨਾਂ ਵਿਅਕਤੀਆਂ ਲਈ ਕੈਨੇਡਾ ਭਰ ਵਿੱਚ ਨਿਮਨਤਮ ਸੂਬਾਈ ਨਿੱਜੀ ਆਮਦਨ ਟੈਕਸ ਹੈ ਜਿਹਨਾਂ ਦੀ ਆਮਦਨ ਪ੍ਰਤੀ ਸਾਲ $1,22,000 ਤਕ ਹੈ।

2001 ਤੋਂ: ਅਨੇਕ ਟੈਕਸ ਭੁਗਤਾਨਕਰਤਾਵਾਂ ਲਈ ਸੂਬਾਈ ਨਿੱਜੀ ਆਮਦਨ ਟੈਕਸ 37% ਜਾਂ ਉਸ ਤੋਂ ਵੱਧ ਘਟਾ ਦਿੱਤਾ ਗਿਆ ਹੈ, 400,000 ਹੋਰ ਜਿਆਦਾ ਲੋਕ ਹੁਣ ਬੀ.ਸੀ. ਵਿੱਚ ਕੋਈ ਵੀ ਆਮਦਨ ਟੈਕਸ ਦਾ ਭੁਗਤਾਨ ਨਹੀਂ ਕਰਦੇ, ਅਤੇ ਇੱਕ ਵਿਅਕਤੀ ਸੂਬਾਈ ਆਮਦਨ ਟੈਕਸ ਦਾ ਭੁਗਤਾਨ ਕਰਨ ਤੋਂ ਪਹਿਲਾਂ $19,000 ਤੋਂ ਵੱਧ ਕਮਾ ਸਕਦਾ ਹੈ।

ਹਾਲੀਆ ਟੈਕਸ ਉਪਾਵਾਂ ਵਿੱਚ ਸ਼ਾਮਲ ਹਨ:

- ਬੀ ਸੀ ਚਾਇਲਡਹੁੱਡ ਟੈਕਸ ਬੈਨੇਫ਼ਿਟ, ਜੋ ਛੇ ਸਾਲ ਦੀ ਉਮਰ ਦੇ ਅਧੀਨ ਹਰ ਇੱਕ ਬੱਚੇ ਲਈ ਪ੍ਰਤੀ ਮਹੀਨਾ ਵੱਧ ਤੋਂ ਵੱਧ $55 ਦਾ ਲਾਭ ਪ੍ਰਦਾਨ ਕਰਦਾ ਹੈ
- ਬੀ.ਸੀ. ਸੀਨੀਅਰਜ਼ ਦੇ ਘਰ ਦੀ ਮੁਰੰਮਤ ਲਈ ਟੈਕਸ ਕ੍ਰੈਡਿਟ
- ਬੱਚਿਆਂ ਦੀ ਤੰਦਰੁਸਤੀ ਅਤੇ ਆਰਟਸ ਲਈ ਕ੍ਰੈਡਿਟ, ਬੱਚਿਆਂ ਦੀ ਤੰਦਰੁਸਤੀ ਉਪਕਰਣਾਂ ਲਈ ਕ੍ਰੈਡਿਟ
- ਬੀ.ਸੀ. ਸਿੱਖਿਆ ਕੋਚਿੰਗ ਟੈਕਸ ਕ੍ਰੈਡਿਟ

ਇਸ ਦੇ ਨਾਲ, ਬੀ.ਸੀ. ਟੈਕਸ ਕਟੌਤੀ ਕ੍ਰੈਡਿਟ ਨੂੰ ਵਧਾਇਆ ਗਿਆ ਹੈ, ਇੱਕ ਵਿਅਕਤੀ ਦੀ ਆਮਦਨ ਨੂੰ ਵਧਾ ਕੇ ਕਿ ਜਿਸ ਤੋਂ ਪਹਿਲਾਂ ਉਹ ਸੂਬਾਈ ਆਮਦਨ ਟੈਕਸ ਦਾ ਭੁਗਤਾਨ ਕਰਨਾ ਸ਼ੁਰੂ ਕਰਨ।

# ਪੁੱਜਤਯੋਗ ਰਿਹਾਇਸ਼ ਨੂੰ ਸਹਿਯੋਗ ਦੇਣਾ

ਘਰ ਦੀ ਮਲਕੀਅਤ ਬੀ ਸੀ ਵਿਚ ਇੱਕ ਚੁਣੌਤੀ ਹੋ ਸਕਦੀ ਹੈ, ਖਾਸ ਤੌਰ 'ਤੇ ਲੋਅਰ ਮੇਨਲੈਂਡ ਵਿੱਚ। ਇੱਥੇ ਕਈ ਪ੍ਰੋਗਰਾਮ ਹਨ ਜੋ ਘਰ ਦੀ ਮਲਕੀਅਤ ਦੇ ਵਿੱਤੀ ਦਬਾਅ ਦੀ ਰਾਹਤ ਦੀ ਕੁਝ ਮਦਦ ਕਰ ਸਕਦੇ ਹਨ। ਦ ਫਰਸਟ ਟਾਇਮ ਹੋਮ ਬਾਇਰ ਪ੍ਰੋਗਰਾਮ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਪਹਿਲਾ ਘਰ ਖਰੀਦਣ ਸਮੇਂ ਸੰਪਤੀ ਤਬਾਦਲੇ ਟੈਕਸ ਵਿਚ $7,500 ਤੱਕ ਦੀ ਬਚਤ ਕਰਵਾ ਸਕਦਾ ਹੈ। ਹੋਮ ਓਨਰ ਗ੍ਰਾਂਟ  ਪ੍ਰੋਗਰਾਮ ਰਿਹਾਇਸ਼ੀ ਸੰਪਤੀ ਟੈਕਸਾਂ ਨੂੰ ਕਿਫਾਇਤੀ ਰਖਣ ਵਿੱਚ ਮਦਦ ਕਰਦਾ ਹੈ, ਜਿਸ ਵਿੱਚ ਬੀ.ਸੀ. ਦੇ 90% ਤੋਂ ਵੱਧ ਘਰਾਂ ਦੇ ਮਾਲਕ ਪੂਰੇ ਜਾਂ ਅੰਸ਼ਕ ਅਨੁਦਾਨ ਲਈ ਯੋਗ ਹੁੰਦੇ ਹਨ। ਘੱਟ-ਆਮਦਨ ਵਾਲੇ ਸੀਨੀਅਰਜ਼ (ਬਜ਼ੁਰਗਾਂ), ਸਾਬਕਾ ਸਿਪਾਹੀਆਂ, ਅਤੇ ਕੁਝ ਅਪਾਹਜਪੁਣੇ ਵਾਲੇ ਲੋਕਾਂ, ਦੇ ਨਾਲ ਹੀ ਉੱਤਰੀ ਅਤੇ ਦਿਹਾਤੀ ਬੀ ਸੀ ਵਿੱਚ ਰਹਿਣ ਵਾਲਿਆਂ ਲਈ ਵਧੀਕ ਅਨੁਦਾਨ ਹਨ। ਇਸਦੇ ਨਾਲ ਹੀ, ਪ੍ਰੋਪਰਟੀ ਟੈਕਸ ਡੈਫ਼ਰਮੈਂਟ ਪ੍ਰੋਗਰਾਮ ਸਾਲਾਨਾ ਸੰਪਤੀ ਟੈਕਸ ਨੂੰ ਘੱਟ ਵਿਆਜ ਵਾਲੇ ਕਰਜ਼ੇ ਦੁਆਰਾ ਮੁਲਤਵੀ ਕਰਨ ਲਈ ਸਹਾਇਕ ਹੈ। ਸੂਬਾ, ਵਿਚਾਰ ਕਰ ਰਿਹਾ ਹੈ ਕਿ ਘਰ ਮਾਲਕੀ ਤੱਕ ਪਹੁੰਚ ਪ੍ਰਦਾਨ ਕਰਨ ਵਿੱਚ ਕਿਹੜੇ ਹੋਰ ਕਦਮ ਮਦਦ ਕਰ ਸਕਦੇ ਹਨ। ।

# ਵੱਧੀ ਹੋਈ ਸਿਹਤ ਸੰਭਾਲ ਫੰਡਿੰਗ

ਅਗਲੇ ਤਿੰਨ ਸਾਲਾਂ ਵਿੱਚ ਸਿਹਤ ਮੰਤਰਾਲੇ ਲਈ ਫੰਡਿੰਗ ਵਿੱਚ $3 ਬਿਲੀਅਨ ਦਾ ਵਾਧਾ ਹੋਵੇਗਾ - 2017-18 ਵਿੱਚ $18.5 ਬਿਲੀਅਨ ਤੱਕ। । ਹਾਲਾਂਕਿ ਅਸੀਂ ਸਿਹਤ ਫੰਡ ਵਿਕਾਸ ਦੇ ਸਲਾਨਾ ਦਰ ਨੂੰ ਜੋ ਕਿ ਮੱਧ-2000ਆਂ ਵਿੱਚ ਕਰੀਬ 8% ਸੀ, ਨੂੰ ਸਲਾਨਾ ਔਸਤਨ 3% ਤੱਕ ਘੱਟ ਕਰ ਦਿੱਤਾ ਹੈ, ਬੀ.ਸੀ. ਕਿਸੇ ਵੀ ਹੋਰ ਸਥਾਨ ਨਾਲੋਂ ਵਧੀਆ ਸਿਹਤ ਦੇ ਨਤੀਜੇ ਦਿਖਾਉਣਾ ਜਾਰੀ ਰਖ ਰਿਹਾ ਹੈ, ਜਿਸ ਵਿਚ ਸ਼ਾਮਲ ਹੈ ਕੈਨੇਡਾ ਵਿੱਚ ਸਭ ਤੋਂ ਲੰਬੇ ਜੀਵਨ ਦੀ ਸੰਭਾਵਨਾ ਅਤੇ ਦੇਸ਼ ਭਰ ਵਿੱਚ ਕੈਂਸਰ ਅਤੇ ਦਿਲ ਦੇ ਰੋਗ ਨਾਲ ਹੋਣ ਵਾਲੀਆਂ ਮੌਤਾਂ ਦੀ ਸਭ ਤੋਂ ਘੱਟ ਦਰ।

# ਕਲ ਦੀ ਸਿਖਿਆ ਅਤੇ ਨੌਕਰੀਆਂ ਵਿੱਚ ਨਿਵੇਸ਼

ਸਰਕਾਰ ਕੇ-12 ਸੈਕਟਰ ਦੇ ਹੋਏ ਸਮਝੌਤੇ ਲਈ ਜਿਸ ਵਿੱਚ ਲਰਨਿੰਗ ਸੁਧਾਰ ਫੰਡ ਵਿੱਚ 33% ਦਾ ਵਾਧਾ ਵੀ ਸ਼ਾਮਲ ਹੈ ਲਈ ਆਪਣੀ ਫੰਡਿੰਗ ਵਚਨਬੱਧਤਾ ਨੂੰ ਸਮੂਹਿਕ ਸਮਝੌਤੇ ਲਈ ਪੂਰਾ ਕਰ ਰਹੀ ਹੈ। ਕੇ-12 ਸਿੱਖਿਆ ਲਈ ਫੰਡਿੰਗ ਨੂੰ ਵੀ ਮੌਜੂਦਾ ਤਿੰਨ ਸਾਲ ਦੀ ਮਾਲੀ ਯੋਜਨਾ ਵਿੱਚ $564 ਮਿਲੀਅਨ ਤੋਂ ਵੱਧ ਦਾ ਵਾਧਾ ਹੋਵੇਗਾ।

ਸਰਕਾਰ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਨਿਵੇਸ਼ ਕਰ ਰਹੀ ਹੈ ਕਿ ਬ੍ਰਿਟਿਸ਼ ਕੋਲੰਬਿਆ ਦੇ ਨਿਵਾਸੀ ਕਲ ਦੀਆਂ ਨੌਕਰੀਆਂ ਲਈ ਕਤਾਰ ਵਿੱਚ ਪਹਿਲਾਂ ਹੋਣ - ਤਕਰੀਬਨ $7.6 ਬਿਲੀਅਨ ਸਲਾਨਾ ਵਿਦਿਆ ਅਤੇ ਸਿਖਲਾਈ ਲਈ। ਬੀ. ਸੀ. ਦੀਆਂ ਨੌਕਰੀਆਂ ਦੀ ਰੂਪਰੇਖਾ ਲਈ ਹੁਨਰ, ਫੰਡਿੰਗ ਅਤੇ ਪ੍ਰੋਗਰਾਮ ਉੱਚ-ਮੰਗ ਵਾਲੇ ਕਿੱਤਿਆਂ ਵੱਲ ਖਿਸਕ ਰਹੇ ਹਨ। ਸਰਕਾਰ ਉਦਯੋਗ ਨਿਯੋਜਕਾਂ, ਪੋਸਟ-ਸੈਕੰਡਰੀ ਅਦਾਰਿਆਂ ਅਤੇ ਕੇ-12 ਸਿਸਟਮ ਦੇ ਨਾਲ ਮਜ਼ਬੂਤ ਭਾਈਵਲੀ ਪੈਦਾ ਕਰਨ ਲਈ ਕੰਮ ਕਰ ਰਹੀ ਹੈ ਤਾਂ ਕਿ ਉਹ ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਨੂੰ ਨੌਕਰੀ-ਤੇ-ਟ੍ਰੇਨਿੰਗ ਨਾਲ ਜੋੜ ਸਕਣ।

ਕਈ ਵਿੱਤੀ ਅਦਾਰੇ ਹੁਣ 2007 ਜਾਂ ਉਸ ਤੋਂ ਬਾਅਦ ਜਨਮੇ ਯੋਗ ਬਚਿਆਂ ਲਈ $1,200 ਬੀ.ਸੀ. ਸਿਖਲਾਈ ਅਤੇ ਵਿਦਿਆ ਬਚਤ ਅਨੁਦਾਨ ਲਈ ਅਰਜੀਆਂ ਸਵੀਕਾਰ ਕਰ ਰਹੇ ਹਨ।



# ਸਵਾਲ

**1.** ਬ੍ਰਿਟਿਸ਼ ਕੋਲੰਬੀਆ ਦੁਨਿਆ ਦੇ ਕੁਝ ਚੋਣਵੇਂ ਹਲਕਿਆਂ ਵਿਚੋਂ ਇੱਕ ਹੈ ਜਿਸਦੇ ਬਜਟ ਵਿੱਚ ਬਚਤ  ਅਤੇ ਤੀਹਰੀ-ਏ ਕਰੈਡਿਟ ਰੇਟਿੰਗ ਹੈ - ਜੋ ਸਰਕਾਰ ਦੇ ਉਧਾਰ ਲੈਣ ਨੂੰ ਘਟਾਉਣ ਅਤੇ ਕਰਜ਼ ਨੂੰ ਕਿਫਾਇਤੀ ਰਖਣ ਵਿੱਚ ਮਦਦ ਕਰਦੇ ਹੈ। ਬਜਟ ਵਿੱਚ ਬਚਤ ਸਰਕਾਰ ਨੂੰ ਚੋਣਾਂ ਕਰਨ  ਵਿੱਚ ਲਚਕੀਲਾ ਬਣਾਉਂਦੀ ਹੈ। 1 (ਸਭ ਤੋਂ ਮਹੱਤਵਪੂਰਨ) ਤੋਂ 3 ਤੱਕ (ਘੱਟ ਜ਼ਰੂਰੀ) ਦੀ ਰੈਂਕਿੰਗ ਨੂੰ ਵਰਤਦਿਆਂ, ਸਰਕਾਰ ਨੂੰ ਇਹ ਬਚਤ ਪੇਸ਼ਕਸ਼ ਦੀ ਲਚਕਤਾ ਨੂੰ ਕਿਵੇਂ ਪ੍ਰਾਥਮਿਕਤਾ ਦੇਣੀ ਚਾਹੀਦੀ ਹੈ?

___ ਕਰਜ਼ਾ ਅਤੇ ਉਧਾਰ ਘਟਾਓ

___ ਸਕੂਲ, ਸੜਕਾਂ ਅਤੇ ਸਿਹਤ ਸਹੂਲਤਾਂ ਵਰਗੇ, ਬੁਨਿਆਦੀ ਢਾਂਚੇ ਵਿਚ ਨਿਵੇਸ਼ ਕਰੋ

___ ਟੈਕਸ ਰਾਹਤ ਅਤੇ ਪੁੱਜਤਯੋਗ ਉਪਾਅ

**2.** ਬੀ. ਸੀ., ਪ੍ਰਾਥਮਿਕਤਾ ਸੇਵਾਵਾਂ ਦੀ ਸੁਰੱਖਿਆ ਅਤੇ ਸੰਤੁਲਿਤ ਬਜਟ ਅਤੇ ਘੱਟਦੇ ਕਰਜ਼ੇ ਦੇ ਬੋਝ ਨਾਲ ਪਰਿਵਾਰਾਂ ਲਈ ਜੀਵਨ ਨੂੰ ਪੁੱਜਤਯੋਗ ਬਣਾਉਣ ਲਈ ਕੰਮ ਕਰ ਰਹੀ ਹੈ। ਜੇ ਤੁਹਾਡੇ ਕੋਲ ਨਵੀਂ ਫੰਡਿੰਗ ਵਿੱਚੋਂ ਪ੍ਰੋਗਰਾਮਾਂ ਅਤੇ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ ਵਿੱਚ ਸਾਂਝਾ ਕਰਨ ਲਈ ਇੱਕ ਡਾਲਰ ਹੈ ਤਾਂ, ਤੁਸੀਂ ਉਸਨੂੰ ਕਿਵੇਂ ਤਕਸੀਮ ਕਰੋਗੇ?

___ ਸਿਹਤ ਸੰਭਾਲ

___ ਕੇ-12 ਸਿੱਖਿਆ

___ ਪੋਸਟ-ਸੈਕੰਡਰੀ ਸਿੱਖਿਆ ਅਤੇ ਹੁਨਰ ਸਿਖਲਾਈ

___ ਪੁਲਿਸਿੰਗ ਅਤੇ ਜਨਤਕ ਸੁਰੱਖਿਆ

___ ਸਮਾਜਕ ਸੇਵਾਵਾਂ

___ ਸੜਕਾਂ, ਹਾਈਵੇ ਅਤੇ ਪੁੱਲ

___ ਕੁਦਰਤੀ ਸਾਧਨ , ਆਰਥਿਕ ਵਿਕਾਸ

___ ਵਾਤਾਵਰਨ ਦੀ ਸੁਰੱਖਿਆ ਅਤੇ ਪਾਰਕ

___ ਕਰਜ਼ੇ ਵਿੱਚ ਕਟੌਤੀ

___ ਟੈਕਸ ਕਟੌਤੀ

___ **/ 100**

**3.** ਕੈਨੇਡਾ ਦੇ ਸੂਬਿਆਂ ਵਿਚੋਂ ਬ੍ਰਿਟਿਸ਼ ਕੋਲੰਬੀਆ ਦੀ ਇੱਕ ਸਭ ਤੋਂ ਵਿਵਿਧ ਅਰਥਵਿਵਸਥਾ ਹੈ। ਸਾਨੂੰ ਨੌਕਰੀਆਂ ਦੀ ਸਿਰਜਣਾ ਕਰਨ ਵਾਲੇ ਉਦਯੋਗਾਂ ਨੂੰ ਹੋਰ ਪ੍ਰਤੀਯੋਗੀ ਬਣਾਉਣ ਲਈ  ਕਿਵੇਂ ਕੰਮ ਕਰਨਾ ਜਾਰੀ ਰੱਖਣਾ ਚਾਹੀਦਾ ਹੈ? ਆਪਣੀ ਚੋਟੀ ਦੀ ਪ੍ਰਾਥਮਿਕਤਾ ਚੁਣੋ।

**ੳ)** ਸੂਬਾਈ ਵਪਾਰ ਰੁਕਾਵਟਾਂ ਅਤੇ ਰੈਡ ਟੇਪ ਨੂੰ ਘਟਾਉਣ ਲਈ ਕੰਮ ਕਰੋ

**ਅ)** ਕਾਰਪੋਰੇਟ ਆਮਦਨ ਟੈਕਸ ਘੱਟਾਓ

**ੲ)** ਨਿੱਜੀ ਆਮਦਨ ਟੈਕਸ ਘਟਾਓ

**ਸ)** ਮੌਜੂਦਾ ਢਾਂਚੇ ਦੇ ਅੰਦਰ ਪੀ.ਐਸ.ਟੀ ਨੂੰ ਤਬਦੀਲ ਕਰੋ

**ਹ)** ਹੋਰ ਨਵੇਂ ਨਿਰਿਆਤ ਬਾਜ਼ਾਰਾਂ ਤੱਕ ਪਹੁੰਚ ਨੂੰ ਵਧਾਉਣਾ

**4.** ਜਿਹੜੇ ਪਰਿਵਾਰਾਂ ਕੋਲ ਆਪਣੇ ਘਰ ਹਨ ਉਹਨਾਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਜਿਹੜੇ ਲੋਕ ਬਹੁਤ ਲੋੜ ਵਿਚ ਹਨ ਉਹਨਾਂ ਲਈ ਰਿਹਾਇਸ਼ ਨੂੰ ਕਿਫਾਇਤੀ ਬਣਾਉਣ ਲਈ ਸਰਕਾਰ ਕਿਹੜੇ ਵਿਕਲਪ ਵਿਚਾਰ ਸਕਦੀ ਹੈ? ਆਪਣੀ ਚੋਟੀ ਦੀ ਪ੍ਰਾਥਮਿਕਤਾ ਚੁਣੋ।

**ੳ)** ਪਹਿਲੀ-ਵਾਰ ਘਰ ਖਰੀਦਣ ਵਾਲਿਆਂ ਲਈ ਸਹਾਇਤਾ ਵਧਾਉਣਾ

**ਅ)** ਰਿਹਾਇਸ਼ ਦੀ ਸਪਲਾਈ ਨੂੰ ਸ਼ਾਮਿਲ ਕਰਨ ਲਈ ਨਵ ਉਸਾਰੀ ਨੂੰ ਉਤਸ਼ਾਹਿਤ ਕਰਨਾ

**ੲ)** ਜਿਹੜੇ ਪਰਿਵਾਰਾਂ ਕੋਲ ਆਪਣੇ ਘਰ ਹਨ ਉਹਨਾਂ ਨੂੰ ਗਲਤ ਢੰਗ ਨਾਲ ਪ੍ਰਭਾਵਿਤ ਕੀਤੇ ਬਿਨਾਂ ਸਰਕਾਰ ਪੁੱਜਤਯੋਗਤਾ ਵਧਾਉਣ ਲਈ **[          ]** *(ਆਪਣਾ ਜਵਾਬ ਸ਼ਾਮਲ ਕਰੋ)*

### ਘੱਟਦੇ ਪਰਿਚਾਲਨ ਕਰਜ਼ੇ




*ਸਿੱਧਾ ਪਰਿਚਾਲਨ ਕਰਜਾ 2019-20 ਤੱਕ ਪੂਰਾ ਖਤਮ ਕਰਨ ਦੀ ਉਮੀਦ ਹੈ, 1976 ਤੋਂ ਬਾਅਦ ਪਹਿਲੀ ਵਾਰ ਬੀ.ਸੀ. ਦਾ ਸਿੱਧਾ ਪਰਿਚਾਲਨ ਕਰਜਾ ਨਹੀਂ ਹੋਵੇਗਾ।*

### 2015/16 ਸਰੋਤ ਦੁਆਰਾ ਆਮਦਨ




**ਕੁੱਲ ਸੂਬਾਈ ਆਮਦਨ: $46.7 ਬਿਲੀਅਨ**

### 2015/16 ਕਾਰਜ ਦੁਆਰਾ ਖਰਚ




**ਕੁੱਲ ਸੂਬਾਈ ਖਰਚੇ: $46.2 ਬਿਲੀਅਨ**

## ਪਹਿਲੀ ਤਿਮਾਹੀ ਰਿਪੋਰਟ ਅੱਪਡੇਟ

| *($ਮਿਲੀਅਨ)* | **2015/16** | **2016/17** | **2017/18** |
|---|---|---|---|
| ਆਮਦਨ | 46,739 | 47,753 | 48,764 |
| ਖਰਚ | (46,212) | (46,917) | (47,876) |
| ਪੂਰਵ ਭੱਤਾ | (250) | (500) | (500) |
| ਬੱਚਤ | 277 | 336 | 388 |
| ਟੈਕਸ ਭੁਗਤਾਨਕਰਤਾ-ਸਹਿਯੋਗੀ ਪੂੰਜੀ ਖਰਚ | 3,867 | 4,104 | 3,513 |
| ਕੁੱਲ ਟੈਕਸ ਭੁਗਤਾਨਕਰਤਾ-ਸਹਿਯੋਗੀ ਕਰਜ਼ | 42,325 | 42,874 | 43,445 |
| **ਟੈਕਸ ਭੁਗਤਾਨਕਰਤਾ-ਸਹਿਯੋਗੀ ਕਰਜ਼ੇ-ਤੋਂ-ਜੀਡੀਪੀ ਅਨੁਪਾਤ** | **17.2%** | **16.7%** | **16.2%** |
| ***ਆਰਥਿਕ ਅਨੁਮਾਨ:*** | ***2015*** | ***2016*** | ***2017*** |
| ਅਸਲ ਜੀਡੀਪੀ ਵਿਕਾਸ | 2.0% | 2.4% | 2.3% |
| ਨਾਮਾਤਰ ਜੀਡੀਪੀ ਵਿਕਾਸ | 3.1% | 4.1% | 4.3% |
| ਆਬਾਦੀ (000'ਆਂ) | 4,689 | 4,744 | 4,804 |

## ਆਪਣੇ ਵਿਚਾਰਾਂ ਨੂੰ ਕਿਵੇਂ ਪੇਸ਼ ਕਰਨਾ ਹੈ?

ਸਿਲੈਕਟ ਸਟੈਂਡਿੰਗ ਕਮਿਟੀ ਔਨ ਫਾਇਨੈਂਸ ਐਂਡ ਗਵਰਨਮੈਂਟ ਸਰਵਿਸਿਜ਼ ਸਤੰਬਰ ਅਤੇ ਅਕਤੂਬਰ ਵਿੱਚ ਸੂਬੇ ਭਰ ਵਿੱਚ ਜਨਤਕ ਮਸ਼ਵਰੇ ਆਯੋਜਿਤ ਕਰਦਾ ਹੈ। ਤੁਸੀਂ ਆਪਣੇ ਸੁਝਾਅ ਮੁਹੱਈਆ ਕਰ ਸਕਦੇ ਹੋ:

- ਕਿਸੇ ਇੱਕ ਜਨਤਕ ਮਸ਼ਵਰੇ ਵਿਚ ਹਿੱਸਾ ਲੈਕੇ
- ਇੱਕ ਆਨਲਾਈਨ ਸਰਵੇਖਣ ਨੂੰ ਪੂਰਾ ਕਰਕੇ
- ਇੱਕ ਲਿਖਤੀ ਅਰਜੀ ਬਣਾ ਕੇ

ਟਿਕਾਣਿਆਂ ਅਤੇ ਜਾਣਕਾਰੀ ਲਈ www.leg.bc.ca/cmt/finance ਤੇ ਜਾਓ

ਕਿਰਪਾ ਕਰਕੇ ਆਪਣੀਆਂ ਬੇਨਤੀਆਂ ਵੀਰਵਾਰ, 15 ਅਕਤੂਬਰ 2015 ਤੱਕ (ਸੰਪਰਕ ਜਾਣਕਾਰੀ ਸਮੇਤ) ਭੇਜੋ:

ਸਿਲੈਕਟ ਸਟੈਂਡਿੰਗ ਕਮਿਟੀ ਔਨ ਫਾਇਨੈਂਸ ਐਂਡ ਗਵਰਨਮੈਂਟ ਸਰਵਿਸਿਜ਼ ਰੂਮ 224,
ਪਾਰਲੀਮੈਂਟ ਬਿਲਡਿੰਗ ਵਿਕਟੋਰੀਆ,
ਬ੍ਰਿਟਿਸ਼ ਕੋਲੰਬੀਆ V8V 1X4 ਕੈਨੇਡਾ

ਫੋਨ: 1 877 428-8337 (ਕਰ-ਰਹਿਤ)
ਫੋਨ: 250 356-2933 (ਕੱਲੈਕਟ)
ਫੈਕਸ: 250 356-8172

ਆਪਣੀ ਫੀਡਬੈਕ ਅਤੇ ਪ੍ਰਸ਼ਨਾਵਲੀ ਦੇ ਜਵਾਬ ਪੇਸ਼ ਕਰਨ ਲਈ ਜਾਓ www.leg.bc.ca/cmt/finance ਤੇ.

## ਜਨਤਾ ਮਸ਼ਵਰਾ ਟਿਕਾਣੇ ਅਤੇ ਤਰੀਕਾਂ:

| | | | | | |
|---|---|---|---|---|---|
| ਵਿਕਟੋਰੀਆ | ਸਤੰਬਰ 15 | ਡੈਲਟਾ * | ਸਤੰਬਰ 28 | ਫੋਰਟ ਸੇਂਟ ਜੌਨ * | ਅਕਤੂਬਰ 7 |
| ਕੈਸਲਗਾਰ | ਸਤੰਬਰ 16 | ਪ੍ਰਿੰਸ ਜਾਰਜ * | ਸਤੰਬਰ 29 | ਫੋਰਟ ਨੈਲਸਨ * | ਅਕਤੂਬਰ 7 |
| ਕੈਲੋਨਾ | ਸਤੰਬਰ 16 | ਡੌਸਨ ਕ੍ਰੀਕ * | ਸਤੰਬਰ 30 | ਕੁਏਸਨੈਲ * | ਅਕਤੂਬਰ 7 |
| ਕੈਮਲੂਪਸ | ਸਤੰਬਰ 17 | ਟੈਰੇਸ * | ਸਤੰਬਰ 30 | ਕਰੈਨਬ੍ਰੁਕ * | ਅਕਤੂਬਰ 7 |
| ਨਨਾਈਮੋ | ਸਤੰਬਰ 17 | ਵਿਲਿਅਮਜ਼ ਲੇਕ * | ਸਤੰਬਰ 30 | ਸਰੀ | ਅਕਤੂਬਰ 13 |
| ਵੈਨਕੂਵਰ | ਸਤੰਬਰ 21 | ਐਬਟਸਫੋਰਡ * | ਸਤੰਬਰ 30 | ** ਵੀਡੀਓ / ਟੈਲੀਕਾਨਫਰੰਸ ਟਿਕਾਣੇ* | |

govTogetherBC

ਵਿੱਤ ਮੰਤਰਾਲੇ ਜਾਂ ਸਰਕਾਰ ਦੇ ਹੋਰ ਖੇਤਰਾਂ ਵਿੱਚ ਹੋਰ ਸਮੱਗਰੀ ਅਤੇ ਅੱਪਡੇਟਾਂ ਵਿੱਚ ਦਿਲਚਸਪੀ ਹੈ?
Visit www2.gov.bc.ca/govtogetherbc. ਤੇ ਜਾਓ

BRITISH COLUMBIA